# Baba Budda ji

He was born on Oct 6,1506 in Katthu Nangal, 12 m from Amritsar.
His father was Bhai Suggha and mother Mai Gauran.
At a young age, he had a job of taking the cattle out for grazing.
He met Guru Nanak and asked him very matured questions. Guru ji changed his name from Bura to Budda.

He performed the ceremony of transferring the guruship from Guru Nanak Dev ji to the next five gurus.
He had the previlige of teaching and training Guru Hargobind ji and later his children.

He actively participated in the construction of the baoli (well) in Goindwal and the sarovar around the Golden Temple. A tree (ben tree) still stands where he would sit and supervise the construction of the sarovar.

He gave blessings to Mata Ganga ji when she came to him asking for the gift of a son.

He was the first Granthi when the Adi Granth was compiled and placed in Harminder Sahib. The first hukamnana that came was ……
He passed away on Nov 16, 1631 at the age of 125. The last rites were performed by Gur Hargobind ji.

# ਬਾਬਾ ਬੁੱਢਾ ਜੀ

ਬੂੜੇ ਨਾ ਦਾ ਇਕ ਬਾਲਕ ਗਊਆਂ ਚਰਾਂਦਾ ਫਿਰਦਾ ਸੀ । ਬਨਾਂ ਵਿੱਚ ਸਾਰਾ ਦਿਨ ਵਾਗੀਆਂ ਵਾਂਗ ਫਿਰਦਾ ਰਹਿੰਦਾ, ਤਰਕਾਲਾਂ ਪੈਂਦੀਆਂ ਤਾਂ ਵਗ ਨੂੰ ਹਿੱਕ ਕੇ ਘਰ ਦੇ ਤਬੇਲੇ ਵਿੱਚ ਲੈ ਜਾਂਦਾ । ਬੂੜਾ ਬੜਾ ਸੁਲਝਿਆ ਹੋਇਆ ਬਾਲਕ ਸੀ । ਸ਼ੁਰੂ ਤੋਂ ਹੀ ਡੂੰਘੀਆਂ ਸੋਚਾਂ ਸੋਚਦਾ ਸੀ । ਇਕ ਦਿਨ ਗਊਆਂ ਚਰਾਂਦੇ-ਚਰਾਂਦੇ ਰਾਵੀ ਦੇ ਕਿਨਾਰੇ ਅੰਤਰ ਧਿਆਨ ਬੈਠਿਆਂ ਗੁਰੂ ਨਾਨਕ ਦੇਵ ਜੀ ਨੂੰ ਵੇਖਿਆ । ਗਊਆਂ ਚਰਾਂਦਾ ਘੜੀ ਘੜੀ ਓਧਰ ਫੇਰਾ ਮਾਰਦਾ ਤੇ ਵੇਖਦਾ ਕਿ ਇਕ ਮਹਾਤਮਾ ਉਸੇ ਤਰ੍ਹਾਂ ਅਡੋਲ, ਅਹਿੱਲ ਸਮਾਧੀ ਲਾਈ ਬੈਠੇ ਹਨ । ਚਿਹਰੇ ਤੇ ਅਨੋਖਾ ਨੂਰ ਹੈ । ਸਵੇਰ ਤੋਂ ਏਸੇ ਤਰ੍ਹਾਂ ਬੈਠੇ ਹਨ, ਦੁਪਹਿਰ ਆ ਗਈ ਹੈ, ਰੋਟੀ ਵੇਲਾ ਹੋ ਗਿਆ ਹੈ, ਦੁਪਹਿਰ ਵੀ ਢਲ ਗਈ ਹੈ, ਉਸੇ ਤਰ੍ਹਾਂ ਰੱਬੀ ਰੰਗਣ ਵਿੱਚ ਬੈਠੇ ਹਨ ।

ਬੂੜੇ ਦੇ ਮਨ ਵਿੱਚ ਪਤਾ ਨਹੀਂ ਕੀ ਭਾਵ ਉਠਿਆ । ਉਹ ਨੇੜੇ ਹੀ ਖੂਹ ਵਿੱਚ ਉਤਰ ਕੇ ਪਾਣੀ ਦੀ ਇਕ ਟਿੰਡ ਖੋਲ੍ਹ ਲਿਆਇਆ ਤੇ ਦੂਜੀ ਕੋਰੀ ਟਿੰਡ ਵਿੱਚ ਗਾਂ ਦਾ ਦੁੱਧ ਚੋ ਲਿਆ ਤੇ ਦੋਹਾਂ ਟਿੰਡਾਂ ਨੂੰ ਫੜ ਕੇ ਗੁਰੂ ਜੀ ਅਗੇ ਰਖ ਕੇ ਚਰਨੀ ਡਿਗ ਪਿਆ ।

ਗੁਰੂ ਜੀ ਮੁਸਕਰਾ ਕੇ ਪੁਛਣ ਲਗੇ, “ਹੇ ਬਾਲਕ, ਤੈਨੂੰ ਕੀ ਚਾਹੀਦਾ ਹੈ? ਬੜਾ ਉਦਾਸ ਦਿਸ ਰਿਹਾ ਹੈਂ” । ਬੂੜਾ ਕਹਿਣ ਲਗਾ, “ਗੁਰੂ ਜੀ ਮੈਨੂੰ ਸਾਰਾ ਵਕਤ ਮੌਤ ਦਾ ਡਰ ਖਾਂਦਾ ਰਹਿੰਦਾ ਹੈ । ਮੈਨੂੰ ਰਾਤੀ ਚੰਗੀ ਨੀਂਦਰ ਵੀ ਨਹੀਂ ਪੈਂਦੀ । ਸਾਰਾ ਵਕਤ ਸਹਿਮ ਪਿਆ ਰਹਿੰਦਾ ਹੈ” । ਗੁਰੂ ਜੀ ਕਹਿਣ ਲਗੇ, “ਤੂੰ ਤੇ ਅਜੇ ਛੋਟਾ ਜਿਹਾ ਬਾਲਕ ਹੈਂ, ਤੂੰ ਏਨੀਆਂ ਵਡਿਆਂ ਵਾਲੀਆਂ ਗੱਲਾਂ ਕਰ ਰਿਹਾ ਹੈਂ । ਤੈਨੂੰ ਕਿਸ ਨੇ ਇਹੋ ਜਿਹਾ ਡਰ ਪਾਇਆ ਹੈ ?”

ਇਹ ਸੁਣ ਬੂੜੇ ਨੇ ਸਾਰੀ ਗੱਲ ਸੁਣਾਈ ਤੇ ਕਹਿਣ ਲਗਾ, “ਗੁਰੂ ਜੀ, ਇਕ ਦਿਨ ਮੇਰੀ ਮਾਂ ਅੱਗ ਬਾਲ ਰਹੀ ਸੀ । ਪਹਿਲਾਂ ਉਸ ਨੇ ਛੋਟੀਆਂ ਲਕੜੀਆਂ ਲਗਾਈਆਂ ਤੇ ਫੇਰ ਵਡੀਆਂ । ਮੈਂ ਧਿਆਨ ਨਾਲ ਵੇਖਦਾ ਰਿਹਾ । ਪਹਿਲਾਂ ਛੋਟੀਆਂ ਛੋਟੀਆਂ ਲੱਕੜਾਂ ਬਲੀਆਂ ਤੇ ਫੇਰ ਪਿਛੋਂ ਵਡੀਆਂ ਨੂੰ ਅੱਗ ਲਗੀ । ਮੇਰੇ ਦਿਲ ਵਿੱਚ ਡਰ ਲਗਾ ਕਿ ਜਿਵੇਂ ਪਹਿਲਾਂ ਛੋਟੀ ਲੱਕੜ ਨੂੰ ਅੱਗ ਗਈ ਹੈ, ਕੀ ਪਤਾ ਮੈਂ ਵੀ ਛੋਟੀ ਉਮਰੇ ਹੀ ਮਰ ਜਾਵਾਂ । ਇਕ ਹੋਰ ਘਟਨਾਂ ਨੇ ਵੀ ਮੇਰੇ ਮਨ ਤੇ ਡੂੰਘਾ ਘਾਵ ਕੀਤਾ । ਕੁਝ ਚਿਰ ਹੋਇਆ ਹੈ । ਇਕ ਦੁਸ਼ਮਨਾਂ ਦਾ ਦਲ ਆਇਆ । ਉਨ੍ਹਾਂ ਨੇ ਆਪਣੇ ਘੋੜਿਆਂ ਨੂੰ ਖਾਣ ਲਈ ਖੇਤ ਵਿਚੋਂ ਕੱਚੀ ਪੱਕੀ ਸਾਰੀ ਖੇਤੀ ਵਢ ਲਈ ।

ਸਾਰੇ ਵੇਖਦੇ ਹੀ ਰਹਿ ਗਏ । ਡਾਢਿਆਂ ਅਗੇ ਕਿਸੇ ਦੀ ਪੇਸ਼ ਨਹੀਂ ਗਈ । ਮੇਰਾ ਵੀ ਕਲੇਜਾ ਕੰਬ ਗਿਆ ਕਿ ਇਨ੍ਹਾ ਜ਼ਾਲਮਾਂ ਅੱਗੇ ਕਿਸੇ ਦੀ ਪੇਸ਼ ਨਹੀਂ ਗਈ । ਜੇ ਜਮ ਮੈਨੂੰ ਹੁਣੇ ਲੈਣ ਆ ਜਾਣ ਤਾਂ ਮੈਂ ਕੀ ਕਰ ਸਕਦਾ ਹਾਂ । ਸੋ ਇਹ ਹੀ ਸੋਚਦਾ ਹਾਂ ਕਿ ਕੋਈ ਐਸਾ ਕੰਮ ਕਰਾਂ ਜਿਸ ਨਾਲ ਮਨ ਟਿਕਾਣੇ ਆ ਜਾਵੇ, ਜਿੰਦ ਸੁਖੀ ਹੋ ਜਾਵੇ ਤੇ ਡਰ ਤੋਂ ਬਚ ਜਾਵਾਂ । ਮੈਨੂੰ ਤੁਸੀਂ ਬਹੁਤ ਉੱਚੇ ਦਿਸੇ ਹੋ । ਕਿੰਨੇ ਸ਼ਾਂਤ ਹੋ ! ਮੈਨੂੰ ਵੀ ਆਪਣੀ ਸ਼ਰਨੀ ਲਾ ਲਵੋ" ।

ਸਤਿਗੁਰਾਂ ਨੇ ਕਿਹਾ, "ਹੇ ਬਾਲਕ, ਤੂੰ ਤੇ ਬੁਢਿਆਂ ਵਾਲੀਆਂ ਗੱਲਾਂ ਕਰਦਾ ਹੈਂ, ਤੂੰ ਤੇ ਅਜੇ ਇਆਣਾ ਬਾਲ ਹੈਂ । ਤੇਰਾ ਨਾਂ ਕੀ ਹੈ" ? "ਜੀ ਮੈਨੂੰ ਬੂੜਾ ਕਹਿੰਦੇ ਹਨ" । ਬਾਲਕ ਨੇ ਉਤਰ ਦਿੱਤਾ । ਗੁਰੂ ਜੀ ਕਹਿਣ ਲਗੇ, "ਤੂੰ ਬੂੜਾ ਨਹੀਂ, ਬੁਢਾ ਹੈਂ, ਤੂੰ ਤੇ ਬੁਢਿਆਂ ਵਾਲੀਆਂ ਗੱਲਾਂ ਕਰਦਾ ਹੈਂ । ਹੇ ਬੁੱਢੇ ਬਾਲਕ, ਤੈਨੂੰ ਰਬ ਨੇ ਉੱਚੇ ਕੰਮ ਸੌਂਪੇ ਨੇ -- ਤੂੰ ਉਸ ਨਾਲ ਸੁਰਤ ਟਿਕਾ । ਸਾਰਾ ਦਿਨ ਘਾਹ ਚਰਦਿਆਂ ਵੀ ਗਊ ਦੀ ਸੁਰਤ ਆਪਣੇ ਬੱਚੇ ਵਲ ਰਹਿੰਦੀ ਹੈ । ਘਾਹ ਚਰ ਕੇ ਤਰਕਾਲਾਂ ਵੇਲੇ ਉਹ ਸਿੱਧੀ ਬੱਚੇ ਕੋਲ ਜਾ ਪੁਜਦੀ ਹੈ । ਇਸੇ ਤਰ੍ਹਾਂ ਕੰਮ ਧੰਦੇ ਕਰਦਿਆਂ ਧਿਆਨ ਸਦਾ ਪਰਮੇਸ਼ਰ ਨਾਲ ਜੋੜੀ ਰਖੀਂ । ਹਥੀਂ ਸੇਵਾ ਕਰੀਂ, ਮਨ ਦੀ ਤਾਰ ਪ੍ਰਭ ਨਾਲ ਲਗੀ ਰਹੇ ਤਾਂ ਸਾਰੇ ਡਰ ਭੈ ਦੂਰ ਹੀ ਰਹਿੰਦੇ ਹਨ, ਜਮਾਂ ਦਾ ਡਰ ਨਹੀਂ ਸਤਾਂਦਾ ਤੇ ਮਨੁੱਖ ਦਾ ਜਨਮ ਮਰਨ ਮਿਟ ਜਾਂਦਾ ਹੈ" ।

ਗੁਰੂ ਜੀ ਨੇ ਉਸ ਨੂੰ ਗੁਰਸਿੱਖੀ ਦੀ ਦਾਤ ਬਖਸ਼ੀ ਤੇ ਉਸ ਦਾ ਨਾਂ 'ਭਾਈ ਬੁੱਢਾ' ਰਖ ਦਿੱਤਾ । ਭਾਈ ਬੁੱਢਾ ਜੀ ਪੂਰਨ ਗੁਰਸਿਖ ਹੋਏ । ਛੇਵੇਂ ਗੁਰੂ ਹਰਿ ਗੋਬਿੰਦ ਜੀ ਤਕ ਮਨੁੱਖੀ ਜਾਮੇ ਵਿੱਚ ਰਹੇ । ਗੁਰੂ ਘਰ ਦੀ ਬੜੀ ਸੇਵਾ ਕੀਤੀ । ਜਦੋਂ ਅੰਮ੍ਰਿਤਸਰ ਦਾ ਹਰਿਮੰਦਰ ਸਾਹਿਬ ਬਣਿਆ ਤਾਂ ਉਸ ਦੀ ਉਸਾਰੀ ਵਿੱਚ ਇਨ੍ਹਾਂ ਨੇ ਬੜੀ ਸੇਵਾ ਕੀਤੀ । ਦਰਬਾਰ ਸਾਹਿਬ ਦੀ ਡਿਉਢੀ ਤੋਂ ਅੰਦਰ ਪ੍ਰਕਰਮਾਂ ਵਿੱਚ ਵੜਦਿਆਂ ਹੀ ਸਾਹਮਣੇ ਭਾਈ ਬੁਢਾ ਜੀ ਦੀ ਬੇਰ ਹੈ ।

ਦੂਜੀ ਪਾਤਸ਼ਾਈ ਤੋਂ ਲਗ ਕੇ ਛੇਵੀਂ ਪਾਤਸ਼ਾਹੀ ਤਕ ਗੁਰਿਆਈ ਦਾ ਤਿਲਕ ਲਗਾਣ ਦਾ ਕੰਮ ਇਨ੍ਹਾਂ ਨੇ ਹੀ ਕੀਤਾ । ਛੇਵੇਂ ਗੁਰੂ ਜੀ ਨੂੰ ਪੜ੍ਹਾਈ ਲਿਖਾਈ ਤੇ ਸ਼ਸਤ੍ਰ ਵਿਦਿਆ ਇਨ੍ਹਾਂ ਨੇ ਹੀ ਸਿਖਾਈ ਤੇ ਅਗੋਂ ਗੁਰੂ ਹਰਿ ਗੋਬਿੰਦ ਜੀ ਦੇ ਬੱਚਿਆਂ ਨੂੰ ਵੀ ਸਿਖਿਆ ਦੇਂਦੇ ਰਹੇ ।

ਆਪ ਬੜੀ ਨਿਰਮਾਨਤਾ ਦੇ ਮਾਲਕ ਸਨ । ਇਕ ਵਾਰੀ ਦੀ ਘਟਨਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸੁਪਤਨੀ ਮਾਤਾ ਗੰਗਾ ਜੀ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਉਸ ਨੂੰ ਪੁੱਤਰ ਦੀ ਦਾਤ ਬਖਸ਼ਣ । ਉਨ੍ਹਾਂ ਨੇ ਕਿਹਾ, "ਭਾਈ ਬੁਢਾ ਜੀ ਕੋਲ ਜਾ ਕੇ ਅਸੀਸ ਲਵੋ" । ਮਾਤਾ ਗੰਗਾ ਜੀ ਸਵੇਰੇ ਉਠ ਕੇ ਤਿਆਰ ਹੋਏ, ਦੁੱਧ, ਮੱਖਣ ਤੇ ਹੋਰ ਕਈ ਚੀਜ਼ਾਂ ਨਾਲ

ਲਈਆਂ, ਇਕ ਦੋ ਨੌਕਰਾਣੀਆਂ ਨਾਲ ਲੈ ਕੇ ਰੱਥ ਵਿੱਚ ਸ਼ਾਨ ਸ਼ੌਕਤ ਨਾਲ ਸਵਾਰ ਹੋ ਕੇ ਟੁਰ ਪਏ । ਭਾਈ ਬੁੱਢਾ ਜੀ ਦੀ ਕੁਟੀਆ ਦੇ ਕੋਲ ਪਹੁੰਚੇ ਤਾਂ ਦੂਰੋਂ ਹੀ ਧੂੜ ਉਡਦੀ ਵੇਖ ਕੇ ਉਹ ਨੀਝ ਲਾ ਕੇ ਵੇਖਣ ਲਗੇ ਕਿ ਕੌਣ ਆ ਰਿਹਾ ਹੈ । ਜਦੋਂ ਰਥ ਨੇੜੇ ਪਹੁੰਚਿਆ ਤਾਂ ਭਾਈ ਬੁੱਢਾ ਜੀ ਬੋਲੇ, "ਅਜ ਗੁਰੂ ਕਿਆਂ ਨੂੰ ਭਾਜੜ ਪਈ ਹੈ" ? ਮਾਤਾ ਜੀ ਨੇ ਅਫਸੋਸ ਕੀਤਾ ਤੇ ਇਹ ਸੁਣਦਿਆਂ ਵਾਪਸ ਪਰਤ ਗਏ ।

ਉਨ੍ਹਾਂ ਨੇ ਸਾਰੀ ਵਿਥਿਆ ਗੁਰੂ ਸਾਹਿਬ ਨੂੰ ਜਾ ਕੇ ਸੁਣਾਈ ਤਾਂ ਉਹ ਹੱਸ ਕੇ ਕਹਿਣ ਲਗੇ, "ਜੇ ਕਿਸੇ ਕੋਲੋਂ ਅਸੀਸ ਲੈਣ ਜਾਣਾ ਹੋਵੇ ਤਾਂ ਰਥਾਂ ਵਿਚ ਚੜ੍ਹ ਕੇ ਇਸ ਤਰ੍ਹਾਂ ਨਹੀਂ ਜਾਈਦਾ । ਮੱਖਣ ਦੁੱਧ ਦੀ ਮਟਕੀ ਸਿਰ ਤੇ ਰਖ ਕੇ ਨੰਗੀਂ ਪੈਰੀ ਟੁਰ ਕੇ ਨਿਮਰਤਾ ਨਾਲ ਜਾ ਕੇ ਕੁਝ ਮੰਗੀਦਾ ਹੈ" ।

ਦੂਜੇ ਦਿਨ ਮਾਤਾ ਗੰਗਾ ਜੀ ਨੇ ਸਵੇਰੇ ਉਠ ਕੇ ਇਸ਼ਨਾਨ ਕੀਤਾ, ਹਥੀਂ ਦੁੱਧ ਰਿੜਕ ਕੇ ਮੱਖਣ ਕਢਿਆ, ਸੋਹਣੇ ਪਰੌਂਠੇ ਪਕਾਏ ਤੇ ਸਾਰਾ ਕੁਝ ਸਿਰ ਤੇ ਰੱਖ ਕੇ ਨੰਗੇ ਪੈਰੀਂ ਇਕੱਲੇ ਹੀ ਟੁਰ ਪਏ ਤੇ ਸਾਰਾ ਰਸਤਾ ਅਰਦਾਸਾਂ ਹੀ ਕਰਦੇ ਗਏ । ਜਦੋਂ ਬਾਬਾ ਬੁੱਢਾ ਜੀ ਦੇ ਨੇੜੇ ਪਹੁੰਚੇ ਤਾਂ ਉਨ੍ਹਾਂ ਨੇ ਮਾਤਾ ਜੀ ਨੂੰ ਆਦਰ ਨਾਲ ਬਠਾਇਆ, ਉਨ੍ਹਾਂ ਦੇ ਹਥੀਂ ਤਿਆਰ ਕੀਤਾ ਭੋਜਨ ਛਕਿਆ । ਉਨ੍ਹਾਂ ਨੇ ਮਾਤਾ ਜੀ ਦੇ ਦਿਲ ਦੀ ਗੱਲ ਬੁੱਝੀ ਤੇ ਇਕ ਗੰਢਾ ਲੈ ਕੇ ਮੁੱਕੀ ਮਾਰ ਕੇ, ਭੰਨ ਕੇ ਕਹਿਣ ਲਗੇ, "ਤੇਰਾ ਇਹੋ ਜਿਹਾ ਪੁੱਤਰ ਜਨਮ ਲਵੇਗਾ ਜਿਹੜਾ ਏਸੇ ਤਰ੍ਹਾਂ ਦੁਸ਼ਮਨਾਂ ਦੇ ਸਿਰ ਭੰਨੇਗਾ" । ਮਾਤਾ ਗੰਗਾ ਜੀ ਇਹ ਸੁਣ ਕੇ ਪ੍ਰਸ਼ੰਨ ਹੋ ਗਏ ਤੇ ਘਰਾਂ ਨੂੰ ਪਰਤ ਗਏ ।

ਗੁਰੂ ਗਰੰਥ ਸਾਹਿਬ ਦੀ ਜਦੋਂ ਪਹਿਲੀ ਬੀੜ ਤਿਆਰ ਹੋਈ ਤੇ ਉਸ ਦਾ ਪਹਿਲਾ ਪ੍ਰਕਾਸ਼ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਵਿਚ ਕੀਤਾ ਗਿਆ ਤਾਂ ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਨੂੰ ਹੀ ਪਹਿਲਾ ਗਰੰਥੀ ਬਣਾਇਆ ।

ਭਾਈ ਬੁੱਢਾ ਜੀ ਸਵਾ ਸੌ ਸਾਲ ਦੀ ਉਮਰ ਭੋਗ ਕੇ ਛੇਵੀਂ ਪਾਤਸ਼ਾਹੀ ਗੁਰੂ ਹਰਿ ਗੋਬਿੰਦ ਜੀ ਦੇ ਸਮੇਂ ਪਿੰਡ ਰਾਮਦਾਸ ਵਿੱਚ ਚਲਾਣਾ ਕਰ ਗਏ । ਗੁਰੂ ਸਾਹਿਬ ਨੇ ਆਪਣੀ ਹਥੀਂ ਉਨ੍ਹਾਂ ਦਾ ਸਸਕਾਰ ਕੀਤਾ । ਸਸਕਾਰ ਵਾਲੀ ਜਗ੍ਹਾ ਤੇ ਇਕ ਸੁੰਦਰ ਤੇ ਇਤਿਹਾਸਕ ਗੁਰਦੁਆਰਾ ਬਣ ਗਿਆ ਹੈ ਜਿਹੜਾ ਸਚਖੰਡ ਦੇ ਨਾਂ ਨਾਲ ਮਸ਼ਹੂਰ ਹੈ ।